CAREERINDIA

**Signature and Name of Invigilator**

1. (Signature) ____________
   (Name) ____________
2. (Signature) ____________
   (Name) ____________

**OMR Sheet No. :** ............................................
(To be filled by the Candidate)

**Roll No.** | | | | | | | | |
(In figures as per admission card)

**Roll No.** ____________
(In words)

**J 2 4 1 5**

# PAPER - II
# PUNJABI

**Time : 1¼ hours]** **[Maximum Marks : 100**

Number of Pages in this Booklet : **12** Number of Questions in this Booklet : **50**

## Instructions for the Candidates

1. Write your roll number in the space provided on the top of this page.
2. This paper consists of fifty multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the Test Booklet Number should be entered on the OMR Sheet and the OMR Sheet Number should be entered on this Test Booklet.
4. Each item has four alternative responses marked (1), (2), (3) and (4). You have to darken the circle as indicated below on the correct response against each item.
   **Example :** ① ② ● ④ where (3) is the correct response.
5. Your responses to the items are to be indicated in the **OMR Sheet given inside the Booklet only.** If you mark your response at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, such as change of response by scratching or using white fluid, you will render yourself liable to disqualification.
9. You have to return the original OMR Sheet to the invigilators at the end of the examination compulsorily and must not carry it with you outside the Examination Hall. You are however, allowed to carry original question booklet and duplicate copy of OMR Sheet on conclusion of examination.
10. **Use only Blue/Black Ball point pen.**
11. **Use of any calculator or log table etc., is prohibited.**
12. **There are no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए।
2. इस प्रश्न-पत्र में पचास बहुविकल्पीय प्रश्न हैं।
3. परीक्षा प्रारम्भ होने पर, प्रश्न-पुस्तिका आपको दे दी जायेगी। पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील को फाड़ लें। खुली हुई या बिना स्टीकर-सील की पुस्तिका स्वीकार न करें।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं। दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें। इसके लिए आपको पाँच मिनट दिये जायेंगे। उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा।**
   (iii) इस जाँच के बाद प्रश्न-पुस्तिका का नंबर OMR पत्रक पर अंकित करें और OMR पत्रक का नंबर इस प्रश्न-पुस्तिका पर अंकित कर दें।
4. प्रत्येक प्रश्न के लिए चार उत्तर विकल्प (1), (2), (3) तथा (4) दिये गये हैं। आपको सही उत्तर के वृत्त को पेन से भरकर काला करना है जैसा कि नीचे दिखाया गया है।
   **उदाहरण :** ① ② ● ④ जबकि (3) सही उत्तर है।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं। यदि आप OMR पत्रक पर दिये गये वृत्त के अलावा किसी अन्य स्थान पर उत्तर चिन्हांकित करते हैं, तो उसका मूल्यांकन नहीं होगा।
6. अन्दर दिये गये निर्देशों को ध्यानपूर्वक पढ़ें।
7. कच्चा काम (Rough Work) इस पुस्तिका के अन्तिम पृष्ठ पर करें।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें। हालांकि आप परीक्षा समाप्ति पर मूल प्रश्न-पुस्तिका तथा OMR पत्रक की डुप्लीकेट प्रति अपने साथ ले जा सकते हैं।
10. **केवल नीले/काले बाल प्वाईंट पेन का ही इस्तेमाल करें।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है।**
12. **गलत उत्तरों के लिए कोई नकारात्मक अंक नहीं हैं।**

www.careerindia.com

CAREERINDIA

# PUNJABI
# ਪੰਜਾਬੀ
## PAPER - II
## ਪ੍ਰਸ਼ਨ-ਪੱਤਰ - II

**Note :** This paper contains **fifty (50)** objective type questions, each question carrying **two (2)** marks. Attempt **All** the questions.

**ਨੋਟ :** ਇਸ ਪ੍ਰਸ਼ਨ-ਪੱਤਰ ਵਿਚ **ਪੰਜਾਹ (50)** ਬਹੁ-ਵਿਕਲਪੀ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਭ** ਪ੍ਰਸ਼ਨਾਂ ਦੇ ਉੱਤਰ ਲਿਖੋ।

**1.** ਉੱਚੀਆਂ ਸਵਰ-ਧੁਨੀਆਂ ਦਾ ਸੰਬੰਧ ਹੈ :
(1) ਹਵਾ ਦੀ ਰਫ਼ਤਾਰ ਨਾਲ
(2) ਸੁਰ ਤੰਦਾਂ ਦੀ ਗਤੀ ਨਾਲ
(3) ਜੀਭ ਦੀ ਸਥਿਤੀ ਨਾਲ
(4) ਜੀਭ ਦੇ ਮੂਲ ਨਾਲ

**2.** /ਹ/ ਧੁਨੀ ਦੇ ਉਚਾਰਨ ਦੇ ਲੱਛਣ ਹਨ :
(1) ਵਿਅੰਜਨ ਧੁਨੀ
(2) ਸੁਰ ਤੇ ਵਿਅੰਜਨ
(3) ਸੁਰ ਧੁਨੀ
(4) ਸੁਰ ਤੇ ਸਵਰੀ ਧੁਨੀਆਂ

**3.** ਸੁਰ ਦਾ ਸੰਬੰਧ ਹੈ :
(1) ਲਘੂ ਸਵਰਾਂ ਨਾਲ
(2) ਸਵਰਾਂ ਦੀ ਤਰਤੀਬ ਨਾਲ
(3) ਕੰਠ ਦੀ ਹਰਕਤ ਨਾਲ
(4) ਕੋਮਲ ਤਾਲਵੀ ਧੁਨੀਆਂ ਨਾਲ

**4.** ਧੁਨੀ ਪਰਿਵਰਤਨ ਦੇ ਸਿੱਧਾਂਤ ਨਾਲ ਸੰਬੰਧਿਤ ਵਿਦਵਾਨ ਹੈ :
(1) ਸੁਨੀਤੀ ਕੁਮਾਰ ਚੈਟਰਜੀ
(2) ਜਾਰਜ ਗ੍ਰੀਅਰਸਨ
(3) ਲੈਬੋਵ
(4) ਵਰਨਰ

**5.** ਵਿਧੀ ਸੂਚਕ ਸ਼ਬਦ-ਜੁੱਟ ਹਨ :
(1) ਜਦੋਂ ਜਦੋਂ/ਉਦੋਂ ਉਦੋਂ
(2) ਘੱਟੋ ਘੱਟ/ਵੱਧੋ ਵੱਧ
(3) ਨੇੜੇ ਤੇੜੇ/ਕੋਲ ਕੋਲ
(4) ਹੌਲੀ ਹੌਲੀ/ਤੇਜ਼ ਤੇਜ਼

**6.** ਪੂਰਬੀ ਤੇ ਪੱਛਮੀ ਉਪਭਾਸ਼ਾਵਾਂ ਵਿਚ ਨਿਖੇੜਾ ਕਰਨ ਵਾਲੀਆਂ ਧੁਨੀਆਂ ਹਨ :
(1) ਤਾਲਵੀ ਤੇ ਦੰਤੀ
(2) ਉਲਟ ਜੀਭੀ ਤੇ ਕੰਠੀ
(3) ਦੋ - ਹੋਠੀ ਤੇ ਦੰਤੀ
(4) ਸੁਰਯੰਤਰੀ ਤੇ ਸਫੋਟੀ

**7.** ਅੱਖਰ ਲਿਪੀ ਦੇ ਲੱਛਣਾਂ ਦਾ ਆਧਾਰ ਹੈ :
(1) ਅੱਖਰ ਤੇ ਧੁਨੀ ਦਾ ਸੰਬੰਧ ਨਾ ਹੋਣਾ
(2) ਅੱਖਰ ਤੇ ਧੁਨੀ ਦਾ ਸੰਬੰਧ ਹੋਣਾ
(3) ਅੱਖਰ ਤੇ ਤਰਤੀਬ ਦਾ ਸਿੱਧਾ ਸੰਬੰਧ ਹੋਣਾ
(4) ਅੱਖਰ ਤੇ ਭਾਵ ਦਾ ਸੰਬੰਧ ਨਾ ਹੋਣਾ

www.careerindia.com

CAREERINDIA

8. ਮਿਸ਼ਰਤ ਵਾਕ ਦੀ ਸਹੀ ਬਣਤਰ ਹੈ :

(1) ਸਾਰੇ ਸਵਾਧੀਨ ਉਪਵਾਕ
(2) ਸਾਰੇ ਪਰਾਧੀਨ ਉਪਵਾਕ
(3) ਸਵਾਧੀਨ ਤੇ ਪਰਾਧੀਨ ਉਪਵਾਕ
(4) ਸਵਾਧੀਨ ਤੇ ਸਵਧੀਨ ਉਪਵਾਕ

9. ਕਿਸ ਸਵਰ ਲਈ ਹੋੜੇ ਦੀ ਵਰਤੋਂ ਹੁੰਦੀ ਹੈ :

(1) /ੳ/
(2) /ੲ/
(3) /ਅ/
(4) ਸਾਰਿਆਂ ਲਈ

10. ਸਮਾਜ ਭਾਸ਼ਾ ਦਾ ਸੰਬੰਧ ਨਹੀਂ ਹੈ :

(1) ਖੇਤਰੀ ਬੁਲਾਰਿਆਂ ਨਾਲ
(2) ਇਸਤਰੀ ਪੁਰਸ਼ਾਂ ਨਾਲ
(3) ਉਮਰ ਨਾਲ
(4) ਜਾਤੀ ਨਾਲ

11.

| | ਸੂਚੀ – I | | ਸੂਚੀ – II |
|---|---|---|---|
| (a) | ਵਾਕੰਸ਼ ਉਸਾਰੀ | (i) | ਹੈਲੀਡੇ |
| (b) | ਪ੍ਰਕਾਰਜੀ ਭਾਸ਼ਾ ਵਿਗਿਓਅਨ | (ii) | ਬਲੂਮਫੀਲਡ |
| (c) | ਸਮਾਜ ਭਾਸ਼ਾ ਵਿਗਿਆਨ | (iii) | ਚੌਮਸਕੀ |
| (d) | ਅੰਦਰ ਕੇਂਦਰਿਤ , ਬਾਹਰ ਕੇਂਦਰਿਤ | (iv) | ਪਿੱਟਕਾਡਰ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ** :

| | (a) | (b) | (c) | (d) |
|---|---|---|---|---|
| (1) | (ii) | (i) | (iv) | (iii) |
| (2) | (i) | (ii) | (iv) | (iii) |
| (3) | (iii) | (i) | (iv) | (ii) |
| (4) | (i) | (iv) | (iii) | (ii) |

12. **(A) ਕਥਨ** : ਭਾਸ਼ਾ ਵਿਚ ਪਰਿਵਰਤਨ ਹੋਣਾ ਭਾਸ਼ਾ ਦਾ ਮੂਲ ਲੱਛਣ ਹੈ ਪਰ ਇਸ ਪਰਿਵਰਤਨ ਦਾ ਅਸਰ ਸਮਾਂ ਪਾ ਕੇ ਦਿਖਾਈ ਦਿੰਦਾ ਹੈ।

**(R) ਕਾਰਨ** : ਕਿਉਂਕਿ ਭਾਸ਼ਾ ਦੀ ਵਿਆਕਰਨ ਹਰ ਸਮੇਂ ਵਿਚ ਇਕ ਹੀ ਹੁੰਦੀ ਹੈ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ** ?

(1) **(A)** ਸਹੀ ਹੈ **(R)** ਗਲਤ ਹੈ।
(2) **(A)** ਗਲਤ ਹੈ **(R)** ਸਹੀ ਹੈ।
(3) **(A)** ਤੇ **(R)** ਦੋਵੇਂ ਸਹੀ ਹਨ।
(4) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ।

www.careerindia.com

CAREERINDIA

13. ਸਾਹਿਤ ਵਿਗਿਆਨ ਦੀ ਉਸਾਰੀ ਲਈ ਜ਼ਰੂਰੀ ਹੈ :

(1) ਸਾਹਿਤ ਅਧਿਐਨ ਦੇ ਪ੍ਰਤਿਮਾਨਾਂ ਦੀ ਪਛਾਣ

(2) ਸਾਹਿਤ ਦੀ ਪ੍ਰਕਿਰਤੀ ਦੇ ਵਿਗਿਆਨ ਦੀ ਤਲਾਸ਼

(3) ਸਾਹਿਤ ਦੇ ਵਿਸ਼ਵ-ਵਿਆਪੀ ਗੁਣਾਂ ਦੀ ਨਿਸ਼ਾਨਦੇਹੀ

(4) ਸਾਹਿਤ ਅਧਿਐਨ ਦੇ ਵਿਗਿਆਨਕ ਨਿਯਮਾਂ ਦੀ ਤਲਾਸ਼

14. **(A) ਕਥਨ :** ਕਾਵਿ ਭਾਸ਼ਾ ਨੂੰ ਵਿਗਿਆਨਕ ਭਾਸ਼ਾ ਤੋਂ ਨਿਖੇੜਨ ਵਾਲਾ ਤੱਤ ਵਿਅੰਗ-ਅਰਥ ਹੈ। ਵਿਗਿਆਨ -ਭਾਸ਼ਾ ਸੰਚਾਰ ਦੇ ਮਨੁੱਖੀ ਪ੍ਰਸੰਗ ਤੋਂ ਮੁਕਤ ਹੋਣ ਕਰਕੇ ਹਮੇਸ਼ਾ ਇਕੋ ਅਰਥ ਦਾ ਸੰਚਾਰ ਕਰਦੀ ਹੈ।

**(R) ਕਾਰਨ :** ਕਾਵਿ ਭਾਸ਼ਾ ਅਤੇ ਵਿਗਿਆਨ ਭਾਸ਼ਾ ਨੂੰ ਭਾਵਾਂ ਦੇ ਸੰਚਾਰ ਦੇ ਦੋ ਅੰਤਰ-ਸੰਬੰਧਿਤ ਪੱਧਰ ਵੀ ਮੰਨਿਆ ਜਾ ਸਕਦਾ ਹੈ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ** ?

(1) **(A)** ਸਹੀ ਹੈ **(R)** ਗਲਤ ਹੈ।

(2) **(A)** ਆਂਸ਼ਿਕ ਸਹੀ ਹੈ **(R)** ਗਲਤ ਹੈ।

(3) **(A)** ਅਤੇ **(R)** ਦੋਵੇਂ ਸਹੀ ਹਨ।

(4) **(A)** ਅਤੇ **(R)** ਦੋਵੇਂ ਗਲਤ ਹਨ।

15.

| | **ਸੂਚੀ – I** | | **ਸੂਚੀ – II** |
|---|---|---|---|
| (a) | ਨਿਬੰਧ | (i) | ਵਿਅਕਤੀ-ਵਿਸ਼ੇਸ਼ ਦਾ ਜੀਵਨ ਚਿਤਰਣ |
| (b) | ਜੀਵਨੀ | (ii) | ਨਿਜੀ ਅਨੁਭਵਾਂ ਦਾ ਬਿਰਤਾਂਤ |
| (c) | ਸਵੈ-ਜੀਵਨੀ | (iii) | ਚਰਿਤਰ ਦੀ ਪੁਨਰ-ਉਸਾਰੀ |
| (d) | ਰੇਖਾ-ਚਿਤਰ | (iv) | ਭਾਵਾਂ ਦਾ ਆਪ-ਮੁਹਾਰਾਪਣ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ** :

| | **(a)** | **(b)** | **(c)** | **(d)** |
|---|---|---|---|---|
| (1) | (ii) | (i) | (iv) | (iii) |
| (2) | (iii) | (iv) | (ii) | (i) |
| (3) | (iv) | (i) | (ii) | (iii) |
| (4) | (i) | (iv) | (iii) | (ii) |

16. ਵਾਰ ਦਾ ਰੂਪਾਕਾਰਕ ਲੱਛਣ ਹੈ :

(1) ਮੰਗਲਾਚਰਨ, ਯੁੱਧ ਵਰਣਨ, ਨਾਇਕਤੱਵ, ਜਿੱਤ

(2) ਪਉੜੀ, ਤਣਾਉ, ਖਲ-ਨਾਇਕ ਦੀ ਉਸਤਤ, ਆਕਰਮਣ

(3) ਟੱਕਰ, ਉਤਸ਼ਾਹ, ਨਿਸ਼ਾਨੀ ਛੰਦ, ਕਾਵਿਕ ਨਿਆਂ

(4) ਇਤਿਹਾਸਕ ਪਾਤਰ, ਕਲ ਤੇ ਨਾਰਦ, ਵਿਅੰਗ, ਦੁਖਾਂਤ

www.careerindia.com

CAREERINDIA

**17.** ਕਿੱਸਾ ਰੂਪਾਕਾਰ ਦੀ ਉਤਪੱਤੀ ਦਾ ਸਰੋਤ ਹੈ :

(1) ਭਾਰਤੀ ਪ੍ਰੇਮਾਖਿਆਨ (2) ਫਾਰਸੀ ਮਸਨਵੀ

(3) ਪੰਜਾਬੀ ਪ੍ਰੇਮਾਖਿਆਨ (4) ਭਾਰਤੀ ਬਿਰਤਾਂਤ ਅਤੇ ਫਾਰਸੀ ਮਸਨਵੀ

**18.** ਨਾਟਕ ਅਤੇ ਇਕਾਂਗੀ ਵਿਚ ਮੁੱਖ ਭੇਦਕ ਲੱਛਣ ਹੈ :

(1) ਰਚਨਾ ਦਾ ਆਕਾਰ (2) ਸਮੱਸਿਆਵਿ ਪਰਤਾਂ ਦੀ ਪੇਸ਼ਕਾਰੀ

(3) ਸਰਲਤਾ ਤੇ ਜਟਿਲਤਾ (4) ਰੰਗਮੰਚੀ ਅਤੇ ਕਲਾ-ਜੁਗਤਾਂ ਦੀ ਭਿੰਨਤਾ

**19.** 'ਰਮਣੀਯਾਰਥ ਪ੍ਰਤਿਪਾਦਕਹ ਸ਼ਬਦਹ ਕਾਵਿਯਮ' ਕਥਨ ਕਿਸ ਆਚਾਰੀਆ ਦਾ ਹੈ :

(1) ਵਿਸ਼ਵਨਾਥ (2) ਜੈਦੇਵ (3) ਰਾਜਸ਼ੇਖਰ (4) ਜਗਨਨਾਥ

**20.** ਭਾਰਤਿ ਕਾਵਿ-ਸ਼ਾਸਤਰ ਅਨੁਸਾਰ ਕਵਿਤਾ ਦੀ ਸ਼ੋਭਾ ਵਧਾਉਣ ਵਾਲਾ ਧਰਮ ਹੈ :

(1) ਅਲੰਕਾਰ (2) ਰਸ (3) ਧੁਨੀ (4) ਰੀਤੀ

**21.** ਵਿਭਾਵ ਦੇ ਭੇਦ ਹਨ :

(1) ਆਲੰਬਨ ਤੇ ਉਦੀਪਨ (2) ਸੰਚਾਰੀ ਤੇ ਵਿਭਚਾਰੀ

(3) ਅਨੁਭਾਵ ਤੇ ਸਥਾਈ (4) ਉਦੀਪਨ ਤੇ ਸੰਚਾਰੀ

**22.** 'ਔਚਿਤਯ ਵਿਚਾਰ-ਚਰਚਾ' ਕਿਸ ਆਚਾਰੀਆ ਦੀ ਸ਼ਾਹਕਾਰ ਰਚਨਾ ਹੈ :

(1) ਭਾਮਹ (2) ਦੰਡੀ (3) ਕਸ਼ੇਮੇਂਦਰ (4) ਕੁੰਤਕ

**23.** ਮਾਰਕਸਵਾਦੀ ਆਲੋਚਨਾ ਪ੍ਰਣਾਲੀ ਦਾ ਕੇਂਦਰੀ ਤੱਤ ਹੈ :

(i) ਥੀਮ ਤੇ ਰੂਪਾਕਾਰ (ii) ਵਸਤੂ ਤੇ ਰੂਪ (iii) ਇਤਿਹਾਸ ਤੇ ਦਵੰਦ (iv) ਸੰਸਲੇਸ਼ਣ ਤੇ ਸੰਵਾਦ

**ਉਪਰੋਕਤ ਵਿਚੋਂ ਸਹੀ ਹੈ** :

(1) (i) ਅਤੇ (iv) (2) (iii) ਅਤੇ (i) (3) (ii) ਅਤੇ (iii) (4) (ii) ਅਤੇ (iv)

**24.** ਟੈਰੀ ਈਗਲਟਨ ਦੇ ਸਿੱਧਾਂਤ-ਚਿੰਤਨ ਦਾ ਆਧਾਰ-ਤੱਤ ਹੈ :

(i) ਮਾਰਕਸਵਾਦ ਅਤੇ ਪਾਠ (ii) ਮਾਰਕਸਵਾਦ ਅਤੇ ਸਾਹਿਤ-ਸ਼ਾਸਤਰ

(iii) ਸੰਰਚਨਾਵਾਦ ਅਤੇ ਸਮਾਜ-ਸ਼ਾਸਤਰ (iv) ਸੰਰਚਨਾ ਅਤੇ ਵਿਚਾਰਧਾਰਾ

**ਉਪਰੋਕਤ ਵਿਚੋਂ ਸਹੀ ਹਨ** :

(1) (i) ਅਤੇ (iv) (2) (ii) ਅਤੇ (iii) (3) (i) ਅਤੇ (ii) (4) (iii) ਅਤੇ (iv)

www.careerindia.com

CAREERINDIA

**25.** ਮਿਖਾਇਲ ਬਾਖ਼ਤਿਨ ਦੇ ਸਿੱਧਾਂਤ ਦਾ ਸਹੀ ਜੁੱਟ ਹੈ :

(1) ਨਾਵਲੀਅਤਾ, ਬਹੁ-ਸੁਰਾਪਨ ਤੇ ਸੰਵਾਦਕਤਾ

(2) ਨਾਵਲਿਅਤਾ, ਬਿਰਤਾਂਤ ਤੇ ਇਤਿਹਾਸ

(3) ਨਾਵਲੀਅਤਾ, ਸਮਾਜਕ ਦਵੰਦ ਤੇ ਬਿਰਤਾਂਤ

(4) ਨਾਵਲੀਅਤਾ, ਮਹਾਕਾਵਿ ਤੇ ਪੂੰਜੀਵਾਦ

**26.** ਸਾਹਿਤ ਦੀ ਇਤਿਹਾਸਕਾਰੀ ਦਾ ਮੂਲ ਸਰੋਕਾਰ ਕਿਸ ਨਾਲ ਹੈ :

(1) ਰਾਜਨੀਤਕ ਤੱਥਾਂ ਤੇ ਸਾਮਾਜਿਕ ਪਰਿਵਰਤਨ ਨਾਲ

(2) ਧਾਰਮਿਕ ਚੇਤਨਾ ਤੇ ਦਾਰਸ਼ਨਿਕ ਚਿੰਤਨ ਨਾਲ

(3) ਸਾਹਿਤਕ ਸੰਵੇਦਨਾ ਅਤੇ ਭਾਸ਼ਾਈ ਚੇਤਨਾ ਨਾਲ

(4) ਬੌਧਿਕ ਚਿੰਤਨ ਤੇ ਕਲਾ ਚੇਤਨਾ ਨਾਲ

**27.** ਸਾਹਿਤ-ਇਤਿਹਾਸਕ ਤੱਥ ਦੀ ਪਛਾਣ ਦੇ ਮੁੱਖ ਆਧਾਰ ਹਨ :

(1) ਸੱਚ, ਕਲਪਨਾ ਤੇ ਸਾਹਿਤਕ ਭਾਸ਼ਾ

(2) ਯਥਾਰਥਕਤਾ, ਸੁਹਜਾਤਮਕਤਾ ਤੇ ਆਂਚਲਿਕਤਾ

(3) ਸਮਾਜਿਕਤਾ, ਸੁਹਜਾਤਮਕਤਾ ਤੇ ਰਾਜਨੈਤਿਕਤਾ

(4) ਇਤਿਹਾਸਕਤਾ, ਸਮਾਜਿਕਤਾ ਤੇ ਕਲਾਤਮਕਤਾ

**28.** **(A) ਕਥਨ :** ਸਾਹਿਤ-ਇਤਿਹਾਸ ਸਾਹਿਤਕ ਤੱਥਾਂ ਦਾ ਸੰਕਲਨ ਹੀ ਨਹੀਂ ਤੱਥਾਂ ਦਾ ਆਖਿਆਨ ਵੀ ਹੈ। ਇਹ ਤੱਥਾਂ ਨੂੰ ਕਾਲ-ਕ੍ਰਮ ਵਿਚ ਜੋੜਦਾ ਹੋਇਆ ਉਨ੍ਹਾਂ ਵਿਚ ਨਿਰੰਤਰਤਾ ਦੀ ਧਾਰਾ ਵੀ ਪ੍ਰਵਾਹਿਤ ਕਰਦਾ ਹੈ।

**(R) ਕਾਰਨ :** ਸਾਹਿਤ ਦੇ ਇਤਿਹਾਸ-ਲੇਖਨ ਲਇ ਸਾਹਿਤਕ ਤੱਥਾਂ ਦੀ ਪਹਿਚਾਣ ਨਾਲੋਂ ਇਤਿਹਾਸਕਾਰੀ ਦੀ ਚੇਤਨਾ ਜ਼ਰੂਰੀ ਹੈ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ ?**

(1) **(A)** ਸਹੀ ਹੈ **(R)** ਗਲਤ ਹੈ।

(2) **(A)** ਗਲਤ ਹੈ **(R)** ਸਹੀ ਹੈ।

(3) **(A)** ਤੇ **(R)** ਦੋਵੇਂ ਸਹੀ ਹਨ।

(4) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ।

**29.**

| | **ਸੂਚੀ – I** | | **ਸੂਚੀ – II** |
|---|---|---|---|
| (a) | ਸੇਰੇਬਰੀਆਕੋਵ | (i) | ਪੰਜਾਬੀ ਸਾਹਿਤ ਦਾ ਇਤਿਹਾਸ |
| (b) | ਬਾਵਾ ਬੁੱਧ ਸਿੰਘ | (ii) | ਪੰਜਾਬੀ ਸਾਹਿਤ |
| (c) | ਮੋਹਨ ਸਿੰਘ ਦਿਵਾਨਾ | (iii) | ਹੰਸਚੋਗ |
| (d) | ਧਰਮਪਾਲ ਸਿੰਗਲ | (iv) | ਪੰਜਾਬੀ ਸਾਹਿਤ ਦੀ ਰੂਪਰੇਖਾ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :**

| | **(a)** | **(b)** | **(c)** | **(d)** |
|---|---|---|---|---|
| (1) | (ii) | (i) | (iv) | (iii) |
| (2) | (ii) | (iii) | (iv) | (i) |
| (3) | (iv) | (iii) | (ii) | (i) |
| (4) | (i) | (iv) | (iii) | (ii) |

www.careerindia.com

CAREERINDIA

**30.** ਰੁਮਾਂਸਵਾਦ ਦੇ ਮੁੱਖ ਲੱਛਣ ਹਨ :

(1) ਰੋਹ, ਬਿਰਹਾ, ਆਜ਼ਾਦੀ

(2) ਇਸ਼ਕ, ਵਿਦਰੋਹ, ਸੁਹਜ

(3) ਦਰਦ, ਵਿਅਕਤੀਗਤ ਸੁਤੰਤਰਤਾ, ਕ੍ਰਾਂਤੀਕਾਰੀ ਕਿਰਦਾਰ

(4) ਲੋਕਾਂ ਦਾ ਗ਼ਮ, ਕਲਪਨਾ, ਭਾਵਨਾ

**31.** ਜੁਝਾਰਵਾਦੀ ਕਾਵਿ-ਧਾਰਾ ਦਾ ਕਿਹੜਾ ਜੁੱਟ ਸਹੀ ਹੈ :

(1) ਅੰਮ੍ਰਿਤਾ ਪ੍ਰੀਤਮ, ਦੇਵ, ਪ੍ਰਮਿੰਦਰਜੀਤ

(2) ਸੁਰਜੀਤ ਪਾਤਰ, ਜਗਤਾਰ, ਬਾਵਾ ਬਲਵੰਤ

(3) ਪਾਸ਼, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ

(4) ਹਰਭਜਨ ਹਲਵਾਰਵੀ, ਦਰਸ਼ਨ ਖਟਕੜ, ਸ.ਸ. ਮੀਸ਼ਾ

**32.** ਲੋਕਗੀਤ ਦਾ ਪ੍ਰਾਥਮਿਕ ਲੱਛਣ ਹੈ :

(1) ਸਰੋਤਾ-ਸੰਬੋਧਨ ਅਤੇ ਲੋਕ-ਪ੍ਰਗਟਾਅ
(2) ਸਵੈ-ਸੰਬੋਧਨ ਅਤੇ ਵਿਰੇਚਨ
(3) ਲੋਕ-ਰੂੜ੍ਹੀ ਅਤੇ ਅਨੁਸ਼ਠਾਨ
(4) ਸਮਾਜਕ ਵਿਰੋਧਾਭਾਸ ਅਤੇ ਵਿਅੰਗ

**33.** ਮੁਹਾਵਰੇ ਅਤੇ ਅਖਾਣ ਵਿਚ ਸਾਂਝ ਦਾ ਆਧਾਰ ਹੈ :

(1) ਵਿਸ਼ਵੀ ਹਕੀਕਤ
(2) ਜੀਵਨ-ਮੁਖੀ ਨਿਚੋੜ
(3) ਸਮਝ ਉਤੇ ਜਨ ਵਿਵੇਕ
(4) ਸਰਲ ਭਾਸ਼ਾਈ ਪ੍ਰਗਟਾਅ

**34.** **(A) ਕਥਨ** : ਬੁਝਾਰਤ ਦੇ ਰੂਪ-ਵਿਧਾਨਕ ਸੰਗਠਨ ਵਿਚ ਸੁਝਾਊਪੁਣਾ ਹੁੰਦਾ ਹੈ। ਕਿਸੇ ਵਰਤਾਰੇ ਦੇ ਸਿੱਧੇ ਅਤੇ ਸਪਸ਼ਟ ਵਰਣਨ ਦੀ ਥਾਂ ਪ੍ਰਤੀਕ ਜਾਂ ਬਿੰਬ ਸਿਰਜ ਕੇ ਮੂਲ ਭਾਵ ਨੂੰ ਲੁਪਤ ਰੱਖਿਆ ਜਾਂਦਾ ਹੈ।

**(R) ਕਾਰਨ** : ਕਿਉਂਕਿ ਬੁਝਾਰਤ ਦੀ ਭਾਸ਼ਾਈ ਸੰਰਚਨਾ ਦਾ ਢਾਂਚਾ ਵਰਣਨਾਤਮਕ ਅਤੇ ਵਿਰੋਧੀ ਤੱਤਾਂ ਨਾਲ ਯੁਕਤ ਹੁੰਦਾ ਹੈ।

**ਉਪਰੋਕਤ ਵਿਚੋਂ ਕਿਹੜਾ ਸਹੀ ਹੈ** ?

(1) **(A)** ਸਹੀ ਹੈ **(R)** ਗਲਤ ਹੈ।
(2) **(A)** ਗਲਤ ਹੈ **(R)** ਸਹੀ ਹੈ।
(3) **(A)** ਤੇ **(R)** ਦੋਵੇਂ ਸਹੀ ਹਨ।
(4) **(A)** ਸਹੀ ਹੈ **(R)** ਆਂਸ਼ਿਕ ਸਹੀ ਹੈ।

www.careerindia.com

CAREERINDIA

35. **ਸੂਚੀ – I** **ਸੂਚੀ – II**

| | ਸੂਚੀ – I | | ਸੂਚੀ – II |
|---|---|---|---|
| (a) | ਹਰਜੀਤ ਸਿੰਘ ਗਿੱਲ | (i) | ਲੋਕ-ਨਾਟ |
| (b) | ਬਲਵੰਤ ਗਾਰਗੀ | (ii) | ਲੋਕ-ਬੁਝਾਰਤ |
| (c) | ਭੁਪਿੰਦਰ ਸਿੰਘ ਖਹਿਰਾ | (iii) | ਫੁਲਕਾਰੀ |
| (d) | ਸੁਖਦੇਵ ਮਾਦਪੁਰੀ | (iv) | ਪੰਜਾਬੀ ਸਭਿਆਚਾਰ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :**

| | (a) | (b) | (c) | (d) |
|---|---|---|---|---|
| (1) | (ii) | (i) | (iv) | (iii) |
| (2) | (ii) | (iii) | (iv) | (i) |
| (3) | (iii) | (i) | (iv) | (ii) |
| (4) | (i) | (iv) | (iii) | (ii) |

36.

| | ਸੂਚੀ – I | | ਸੂਚੀ – II |
|---|---|---|---|
| (a) | Study of folktale | (i) | Vladimir Prop |
| (b) | Morphology of folktale | (ii) | Alan Dundes |
| (c) | Myth and Meaning | (iii) | Franz Boss |
| (d) | Mind of the Primitive Man | (iv) | Claud Levi-Strauss |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ :**

| | (a) | (b) | (c) | (d) |
|---|---|---|---|---|
| (1) | (ii) | (i) | (iv) | (iii) |
| (2) | (iii) | (iv) | (ii) | (i) |
| (3) | (iii) | (i) | (iv) | (ii) |
| (4) | (i) | (iv) | (iii) | (ii) |

37. ਕਿਹੜੀ ਰਚਨਾ ਲੋਕ-ਸਮੱਗਰੀ ਉੱਪਰ ਆਧਾਰਿਤ ਹੋਣ ਦੇ ਬਾਵਜੂਦ ਲੋਕ-ਸਾਹਿਤ ਨਹੀਂ ਹੈ :
(1) ਪੰਚ-ਤੰਤਰ
(2) ਬੇਤਾਲ ਪਚੀਸੀ
(3) ਰਜਬ ਅਲੀ ਦੀ ਕਵੀਸ਼ਰੀ
(4) ਅਲਿਫ਼ ਲੈਲਾ

38. ਮਿਥ ਦਾ ਮੁੱਖ ਲੱਛਣ ਹੈ :
(1) ਇਤਿਹਾਸ ਤੇ ਮਿਥਹਾਸ
(2) ਪਰਾ-ਸਰੀਰਕ ਤੇ ਯਥਾਰਥ
(3) ਸਭਿਆਚਾਰ ਤੇ ਇਤਿਹਾਸ
(4) ਪਰਾ-ਸਰੀਰਕ ਤੇ ਪਰਾ-ਇਤਿਹਾਸਕ

www.careerindia.com

CAREERINDIA

39. ਨਸਲ-ਮੁਖਤਾ ਦੀ ਸਿਖਰ ਸਥਿਤੀ ਹੈ :

(1) ਸਭਿਆਚਾਰਕ ਸਾਪੇਖਤਾ
(2) ਫਾਸੀਵਾਦ
(3) ਸੰਪ੍ਰਦਾਇਕ ਭਾਵਨਾ
(4) ਰਾਸ਼ਟਰੀ ਇਕ-ਜੁੱਟਤਾ

40. ਅੰਗ੍ਰੇਜ਼ੀ ਸ਼ਬਦ 'ਕਲਚਰ' ਨੂੰ ਸਭ ਤੋਂ ਪਹਿਲਾਂ ਕਿਸ ਨੇ ਪਰਿਭਾਸ਼ਾ-ਬੱਧ ਕਿਤਾ :

(1) ਰੇਮੰਡ ਵਿਲੀਅਮਜ਼
(2) ਏ.ਐਲ. ਕਰੋਬਰ
(3) ਈ.ਬੀ. ਟਾਇਲਰ
(4) ਕ੍ਰਿਸਟੋਫ਼ਰ ਕਾਡਵੈੱਲ

41. ਕਿਸ ਰੁੱਖ ਦੀ ਪੂਜਾ ਹੁੰਦੀ ਹੈ :

(1) ਪਿਪਲ
(2) ਬੋਹੜ
(3) ਜੰਡ
(4) ਟਾਹਲੀ

42. ਲੋਕ-ਕਲਾ ਦਾ ਭੇਦਕ ਲੱਛਣ ਹੈ :

(1) ਨਿਜੀ ਭਾਵਨਾ
(2) ਲੋਕ-ਧੰਦਾ
(3) ਸਾਮਾਨਯ ਕਾਰਜ
(4) ਲੋਕ-ਵਿਲੱਖਣਤਾ

43. ਟੋਟਮ ਤੋਂ ਭਾਵ ਹੈ :

(1) ਸਮਾਜਕ ਵਰਜਣਾ
(2) ਸਮੂਹਿਕ ਰਾਇ
(3) ਸਮਾਜਕ ਪ੍ਰਵਾਨਗੀ
(4) ਸਮੂਹਿਕ ਨਿਆਂ

44.

| | **ਸੂਚੀ – I** | | **ਸੂਚੀ – II** |
|---|---|---|---|
| (a) | George Watson | (i) | Research Methodology |
| (b) | Jonathan Anderson | (ii) | The Scholar Critic : An Introduction to Literary Research |
| (c) | C.R. Kothari | (iii) | Literary Thesis |
| (d) | F.W. Bateson | (iv) | Thesis and Assignment Writing |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ** :

| | **(a)** | **(b)** | **(c)** | **(d)** |
|---|---|---|---|---|
| (1) | (ii) | (i) | (iv) | (iii) |
| (2) | (iii) | (iv) | (i) | (ii) |
| (3) | (iii) | (i) | (iv) | (ii) |
| (4) | (i) | (iv) | (iii) | (ii) |

www.careerindia.com

CAREERINDIA

45. **ਸੂਚੀ – I** **ਸੂਚੀ – II**

| | ਸੂਚੀ – I | | ਸੂਚੀ – II |
|---|---|---|---|
| (a) | ਡਾ. ਦੀਵਾਨ ਸਿੰਘ | (i) | ਪ੍ਰਾਚੀਨ ਬੀੜਾਂ |
| (b) | ਜੀ.ਬੀ. ਸਿੰਘ | (ii) | ਸਿੱਖ ਇਤਿਹਾਸ |
| (c) | ਸ਼ਮਸ਼ੇਰ ਸਿੰਘ ਅਸ਼ੋਕ | (iii) | ਜਨਮਸਾਖੀ ਸਾਹਿਤ |
| (d) | ਡਾ. ਕਿਰਪਾਲ ਸਿੰਘ | (iv) | ਗੁਰੂ ਨਾਨਕ ਤੇ ਰਹੱਸਵਾਦ |

**ਉਪਰੋਕਤ ਦਾ ਕਿਹੜਾ ਕ੍ਰਮ ਸਹੀ ਹੈ** :

| | **(a)** | **(b)** | **(c)** | **(d)** |
|---|---|---|---|---|
| (1) | (ii) | (i) | (iv) | (iii) |
| (2) | (ii) | (iii) | (iv) | (i) |
| (3) | (iv) | (i) | (ii) | (iii) |
| (4) | (i) | (iv) | (iii) | (ii) |

46. 2014 ਦਾ ਸਾਹਿਤ ਅਕਾਦੇਮੀ ਦਾ ਸਨਮਾਨ ਕਿਸ ਨੂੰ ਮਿਲਿਆ ਹੈ :

(1) ਮਨਮੋਹਨ (2) ਜਸਵਿੰਦਰ (3) ਦਰਸ਼ਨ ਬੁੱਟਰ (4) ਵਨੀਤਾ

47. ਗੁਰਮਤਿ ਕਾਵਿ ਦੇ ਪ੍ਰਮੁਖ ਖੋਜੀ ਵਿਦਵਾਨ ਹਨ :

(1) ਤਾਰਨ ਸਿੰਘ, ਸੰਤ ਸਿੰਘ ਸੇਖੋਂ, ਪ੍ਰੋ. ਪ੍ਰੀਤਮ ਸਿੰਘ

(2) ਸੁਰਿੰਦਰ ਸਿੰਘ ਕੋਹਲੀ, ਕਿਸ਼ਨ ਸਿੰਘ, ਭਾਈ ਜੋਧ ਸਿੰਘ

(3) ਪਿਆਰ ਸਿੰਘ, ਦੀਵਾਨ ਸਿੰਘ, ਗੰਡਾ ਸਿੰਘ

(4) ਸ਼ੇਰ ਸਿੰਘ, ਪਿਆਰਾ ਸਿੰਘ ਪਦਮ, ਹੀਰਾ ਸਿੰਘ ਦਰਦ

**ਹੇਠਾਂ ਦਿੱਤੇ ਪੈਰੇ ਦੇ ਆਧਾਰ ਤੇ 48, 49 ਅਤੇ 50 ਪ੍ਰਸ਼ਨਾਂ ਦੇ ਉੱਤਰ ਦਿਓ** :

ਸਾਹਿਤਕ ਰਚਨਾ ਦਾ ਖੇਤਰ ਪ੍ਰਕਿਰਤੀ, ਪ੍ਰਕਿਰਤੀ ਦੇ ਅਨੁਭਵ, ਮਾਨਵੀ ਸਥਿਤੀ ਦੇ ਵਿਅਕਤੀਗਤ, ਸਾਂਸਕ੍ਰਿਤਕ ਅਤੇ ਮਾਨਵਤਾ–ਉਨਮੁਖ ਤੱਤਾਂ ਦੇ ਭਿੰਨ ਭਿੰਨ ਅੰਸ਼ਾਂ ਨੂੰ ਸ਼ਬਦਾਂ ਦੁਆਰਾ ਸੰਜੋਣ ਤਕ ਪਸਰਿਆ ਹੋਇਆ ਹੈ। ਇਸ ਖੇਤਰ ਨੂੰ ਸੰਜੋਣ ਲਗਿਆਂ ਜਿਸ ਰਚਨਾ ਦੀ ਉਤਪਤੀ ਹੁੰਦੀ ਹੈ, ਉਹ ਆਪਣੇ ਤੋਂ ਪਹਿਲੀਆਂ ਰਚਨਾਵਾਂ, ਰਚਨਾ–ਪ੍ਰਣਾਲੀਆਂ ਅਤੇ ਦੂਜੀਆਂ ਭਾਸ਼ਾਵਾਂ ਦੀਆਂ ਰਚਨਾਵਾਂ ਤੇ ਰਚਨਾ–ਪ੍ਰਣਾਲੀਆਂ ਨਾਲ ਮਿਲ ਕੇ ਇਕ ਹੋਰ ਸੰਦਰਭ ਨੂੰ ਜਨਮ ਦਿੰਦੀ ਹੈ, ਜਿਸ ਨੂੰ ਅਸੀਂ ਸਾਹਿਤਕ ਕਲਚਰ ਦਾ ਨਾਂ ਦੇਣਾ ਪਸੰਦ ਕਰਾਂਗੇ। ਸਾਹਿਤਕ ਖੇਤਰ ਦਾ ਇਹ ਪ੍ਰਸੰਗ ਜਿਹੜਾ ਸਾਹਿਤਕਾਰਾਂ ਦੇ ਗ੍ਰਹਿਣ ਕੀਤੇ ਪ੍ਰਧਾਰਾਂ, ਸਾਹਿਤਕ ਲਹਿਰਾਂ, ਸਾਹਿਤਕ ਪੱਧਤੀਆਂ ਤੇ ਪਰੰਪਰਾਵਾਂ ਅਤੇ ਸਾਹਿਤਕ ਸਮੀਖਿਆਵਾਂ ਦੀ ਪ੍ਰਕਿਰਿਆ ਦੁਆਰਾ ਸੰਯੋਜਿਤ ਹੁੰਦਾ ਹੈ, ਆਗਾਮੀ ਰਚਨਾਵਾਂ ਲਈ ਇਕ ਬੰਧਨ ਵੀ ਬਣਦਾ ਹੈ ਜਿਸ ਦੇ ਵਿਰੁਧ ਮੌਲਿਕਤਾ ਨੂੰ ਸੰਘਰਸ਼ ਕਰਨਾ ਪੈਂਦਾ ਹੈ ਅਤੇ ਏਸੇ ਸੰਘਰਸ਼ ਦੁਆਰਾ ਨਵੀਆਂ ਰਚਨਾਵਾਂ ਲਈ ਸੰਭਾਵਨਾ ਵੀ ਪੈਦਾ ਕਰਦਾ ਹੈ।

www.careerindia.com

CAREERINDIA

**48.** ਹੇਠ ਲਿਖੇ ਕਥਨਾਂ ਵਿਚੋਂ ਕਿਹੜਾ ਕਥਨ ਪੈਰੇ ਦਾ ਵਿਚਾਰ ਨਹੀਂ ਹੈ :

(1) ਸਾਹਿਤਕ ਰਚਨਾ ਪ੍ਰਕਿਰਤੀ, ਮਾਨਵ ਅਤੇ ਸਾਂਸਕ੍ਰਿਤਕ ਤੱਥਾਂ ਨੂੰ ਸੰਜੋਣ ਦਾ ਯਤਨ ਹੈ।

(2) ਸਾਹਿਤਕ ਰਚਨਾ ਪ੍ਰਕਿਰਤੀ ਅਤੇ ਮਨੁੱਖ ਦੇ ਸੰਘਰਸ਼ ਦਾ ਚਿਤਰਣ ਕਰਦੀ ਹੈ।

(3) ਮੌਲਿਕਤਾ ਦਾ ਸੰਘਰਸ਼ ਆਗਾਮੀ ਰਚਨਾਵਾਂ ਉਪਰ ਬੰਧਨ ਵਿਰੁੱਧ ਨਵੀਆਂ ਸੰਭਾਵਨਾਵਾਂ ਪੈਦਾ ਕਰਦਾ ਹੈ।

(4) ਸਾਹਿਤਕ ਕਲਚਰ ਤੋਂ ਭਾਵ ਇਕ ਹੋਰ ਰਚਨਾਤਮਕ ਸੰਦਰਭ ਨੂੰ ਜਨਮ ਦੇਣਾ ਹੈ।

**49.** ਸਾਹਿਤਕ ਰਚਨਾ ਦੀ 'ਸੰਜੋਣ ਪ੍ਰਕਿਰਿਆ' ਦਾ ਪ੍ਰਤਿਫਲ ਹੁੰਦਾ ਹੈ :

(1) ਪ੍ਰਕਿਰਤੀ, ਪ੍ਰਕਿਰਤੀ ਦੇ ਅਨੁਭਵ, ਮਾਨਵੀ ਸਥਿਤੀ ਅਤੇ ਮਾਨਵਤਾ-ਉਨਮੁਖਤਾ ਦੀ ਨਿਸ਼ਾਨਦੇਹੀ।

(2) ਸਾਹਿਤਕ ਲਹਿਰਾਂ, ਸਾਹਿਤਕ ਪੱਧਤੀਆਂ ਅਤੇ ਪਰੰਪਰਾਵਾਂ ਨੂੰ ਜਨਮ ਦੇਣਾ।

(3) ਸਾਹਿਤਕ ਕਲਚਰ ਦਾ ਨਿਰਮਾਨ ਕਰਨਾ।

(4) ਨਵੀਆਂ ਮੌਲਿਕ ਰਚਨਾਵਾਂ ਲਈ ਸੰਭਾਵਨਾਵਾਂ ਪੈਦਾ ਕਰਨਾ।

**50.** ਮੌਲਿਕਤਾ ਦੇ ਸੰਘਰਸ਼ ਦਾ ਭਾਵ ਹੈ :

(1) ਪੂਰਬਲੀਆਂ ਸਾਹਿਤਕ ਲਹਿਰਾਂ, ਪੱਧਤੀਆਂ, ਪਰੰਪਰਾਵਾਂ ਅਤੇ ਸਮੀਖਿਆਵਾਂ ਦੇ ਬੰਧਨ ਤੋਂ ਪਾਰ ਜਾਣਾ।

(2) ਹਰ ਪ੍ਰਕਾਰ ਦੇ ਪੂਰਬਲੇ ਬੰਧਨਾਂ ਨੂੰ ਤੋੜਨਾ।

(3) ਪਹਿਲੀਆਂ ਰਚਨਾਵਾਂ, ਰਚਨਾ-ਪ੍ਰਣਾਲੀਆਂ ਦੇ ਗਿਆਨ-ਬੋਧ ਰਾਹੀਂ ਮੌਲਿਕ ਸੰਦਰਭ ਸਿਰਜਣਾ।

(4) ਪ੍ਰਕਿਰਤੀ, ਮਾਨਵੀ ਸਥਿਤੀ ਅਤੇ ਸਾਂਸਕ੍ਰਿਤਿਕ ਤੱਥਾਂ ਦੇ ਭਿੰਨ ਭਿੰਨ ਅੰਸ਼ਾਂ ਨੂੰ ਸ਼ਬਦਾਂ ਦੁਆਰਾ ਸੰਜੋਣਾ।

- o 0 o -

www.careerindia.com

**Space For Rough Work**

www.careerindia.com